# ਸਾਂਝੇ ਕਾਰਜ ਸਥਾਨਾਂ ਤੇ ਜਿਨਸੀ, ਛਾਤੀ ਦਾ ਦੁੱਧ ਪਿਲਾਉਣ, ਅਪਾਹਜਤਾ ਅਤੇ ਨਸਲੀ ਪਰੇਸ਼ਾਨੀ ਤੋਂ ਸੁਰੱਖਿਆ

ਵਿਤਕਰਾ ਕਾਨੂੰਨ (ਫੁਟਕਲ ਸੋਧਾਂ) ਆਰਡੀਨੈਂਸ 2020 19 ਜੂਨ 2020 ਨੂੰ ਲਾਗੂ ਹੋਇਆ ਸੀ। ਆਰਡੀਨੈਂਸ ਨੇ ਸਾਂਝੇ ਕਾਰਜ ਸਥਾਨਾਂ ਤੇ ਜਿਨਸੀ, ਅਪਾਹਜਤਾ ਅਤੇ ਨਸਲੀ ਪਰੇਸ਼ਾਨੀ ਤੋਂ ਸੁਰੱਖਿਆ ਮੁਹੱਈਆ ਕਰਾਉਣ ਲਈ ਜਿਨਸੀ ਵਿਤਕਰਾ ਆਰਡੀਨੈਂਸ (SDO), ਅਪਾਹਜਤਾ ਵਿਤਕਰਾ ਆਰਡੀਨੈਂਸ (DDO) ਅਤੇ ਨਸਲੀ ਵਿਤਕਰਾ ਆਰਡੀਨੈਂਸ (RDO) ਨੂੰ ਸੋਧਿਆ, ਭਾਵੇਂ ਕੋਈ ਰੁਜ਼ਗਾਰ ਜਾਂ ਹੋਰ ਸਮਾਨ ਕੰਮ ਨਾਲ ਜੁੜੇ ਸੰਬੰਧ ਨਹੀਂ ਹਨ। ਇਸ ਤੋਂ ਇਲਾਵਾ, ਜਿਨਸੀ ਵਿਤਕਰਾ (ਸੰਸ਼ੋਧਨ) ਆਰਡੀਨੈਂਸ 2021 ਨੇ SDO ਵਿੱਚ ਰੁਜ਼ਗਾਰ ਅਤੇ ਸਾਂਝੇ ਕਾਰਜ ਸਥਾਨਾਂ ਸਮੇਤ ਕਈ ਸੈਕਟਰਾਂ ਵਿੱਚ ਛਾਤੀ ਦਾ ਦੁੱਧ ਪਿਲਾਉਣ ਵਾਲੀਆਂ ਔਰਤਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਸੋਧ ਕੀਤੀ ਹੈ। ਜਨਤਕ ਕਾਰਜ ਸਥਾਨਾਂ 'ਤੇ ਛਾਤੀ ਦਾ ਦੁੱਧ ਪਿਲਾਉਣ ਦੀ ਪਰੇਸ਼ਾਨੀ ਤੋਂ ਸੁਰੱਖਿਆ ਦੇ ਸੰਬੰਧ ਵਿੱਚ ਆਰਡੀਨੈਂਸ 19 ਜੂਨ 2021 ਨੂੰ ਲਾਗੂ ਹੋ ਜਾਵੇਗਾ।

**ਕਾਨੂੰਨ ਕੀ ਕਹਿੰਦਾ ਹੈ:**

SDO ਦੇ ਸੈਕਸ਼ਨ 23A ਦੇ ਤਹਿਤ, ਕਿਸੇ ਕਾਰਜ ਸਥਾਨ ਦੇ ਭਾਗੀਦਾਰ ਵਿਅਕਤੀ ਦੁਆਰਾ ਅਜਿਹੇ ਕਿਸੇ ਹੋਰ ਵਿਅਕਤੀ ਨੂੰ ਜਿਨਸੀ ਤੌਰ ਤੇ ਪਰੇਸ਼ਾਨ ਕਰਨਾ ਜਾਂ ਛਾਤੀ ਦਾ ਦੁੱਧ ਪਿਲਾਉਣ ਵਾਲੀ ਇੱਕ ਔਰਤ ਨੂੰ ਪਰੇਸ਼ਾਨ ਕਰਨਾ ਗੈਰਕਾਨੂੰਨੀ ਹੈ ਜੋ ਉਨ੍ਹਾਂ ਦੋਵਾਂ ਦੇ ਕਾਰਜ ਸਥਾਨ ਤੇ ਇੱਕ ਕਾਰਜ ਸਥਾਨ ਭਾਗੀਦਾਰ ਵੀ ਹੈ।

DDO ਦੇ ਸੈਕਸ਼ਨ 22A ਦੇ ਤਹਿਤ, ਕਿਸੇ ਕਾਰਜ ਸਥਾਨ ਦੇ ਭਾਗੀਦਾਰ ਵਿਅਕਤੀ ਦੁਆਰਾ ਅਜਿਹੇ ਕਿਸੇ ਅਪਾਹਜ ਵਿਅਕਤੀ ਨੂੰ ਪਰੇਸ਼ਾਨ ਕਰਨਾ ਗੈਰਕਾਨੂੰਨੀ ਹੈ ਜੋ ਉਨ੍ਹਾਂ ਦੋਵਾਂ ਦੇ ਕਾਰਜ ਸਥਾਨ ਤੇ ਇੱਕ ਕਾਰਜ ਸਥਾਨ ਭਾਗੀਦਾਰ ਵੀ ਹੈ।

RDO ਦੇ ਸੈਕਸ਼ਨ 24A ਦੇ ਤਹਿਤ, ਕਿਸੇ ਕਾਰਜ ਸਥਾਨ ਦੇ ਭਾਗੀਦਾਰ ਵਿਅਕਤੀ ਦੁਆਰਾ ਅਜਿਹੇ ਕਿਸੇ ਹੋਰ ਵਿਅਕਤੀ ਨੂੰ ਉਸ ਦੀ ਨਸਲ ਦੇ ਅਧਰ 'ਤੇ ਪਰੇਸ਼ਾਨ ਕਰਨਾ ਗੈਰਕਾਨੂੰਨੀ ਹੈ ਜੋ ਉਨ੍ਹਾਂ ਦੋਵਾਂ ਦੇ ਕਾਰਜ ਸਥਾਨ ਤੇ ਇੱਕ ਕਾਰਜ ਸਥਾਨ ਭਾਗੀਦਾਰ ਵੀ ਹੈ।

## ਕਾਰਜ ਸਥਾਨ ਕੀ ਹੁੰਦਾ ਹੈ?

ਇੱਕ "ਕਾਰਜ ਸਥਾਨ" ਨੂੰ ਇੱਕ ਅਜਿਹੇ ਸਥਾਨ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ:

- ਜਿੱਥੇ ਵਿਅਕਤੀ ਕਾਰਜ ਸਥਾਨ ਦੇ ਭਾਗੀਦਾਰ ਵਜੋਂ ਕੰਮ ਕਰਦਾ ਹੈ; ਜਾਂ
- ਕਿ ਉਹ ਵਿਅਕਤੀ ਕਾਰਜ ਸਥਾਨ ਦੇ ਭਾਗੀਦਾਰ ਵਜੋਂ ਸ਼ਾਮਲ ਹੁੰਦਾ ਹੈ।

ਸੰਭਵ ਸਾਂਝੇ ਕਾਰਜ ਸਥਾਨ ਦੀਆਂ ਉਦਾਹਰਣਾਂ ਹਨ:

- ਇੱਕ ਸੰਗਠਨ ਦਾ ਦਫਤਰ ਜਿੱਥੇ ਵਿਅਕਤੀ ਇੰਟਰਨਸ਼ਿਪ ਕਰਦੇ ਹਨ;
- ਇੱਕ ਬੈਰਿਸਟਰ ਦਾ ਕਮਰਾ ਜਿੱਥੇ ਵਿਅਕਤੀ ਪਿਉਪਿਲੇਜ ਕਰਦੇ ਹਨ;
- ਪ੍ਰਦਰਸ਼ਨੀ ਬੂਥ ਜਾਂ ਪ੍ਰਦਰਸ਼ਨੀ ਸਾਂਝੀ ਕਰਨ ਵਾਲੇ ਕਾਰਜ ਕੇਂਦਰਾਂ ਤੇ ਸਟੈਂਡ;
- ਕਾਰਜ ਕੇਂਦਰਾਂ ਨੂੰ ਸਾਂਝਾ ਕਰਦੇ ਵੱਖ ਵੱਖ ਸੰਗਠਨਾਂ ਦੇ ਕਰਮਚਾਰੀਆਂ ਨਾਲ ਦੇ ਸਹਿ-ਕਾਰਜ ਵਾਲੇ ਸਥਾਨ;
- ਸੁਪਰਮਾਰਕੀਟਾਂ ਵਿੱਚ ਕੰਮ ਕਰਦੀਆਂ ਉਤਪਾਦ ਪ੍ਰਚਾਰ ਦੀਆਂ ਕੰਪਨੀਆਂ ਦੇ ਕਰਮਚਾਰੀਆਂ ਦੇ ਨਾਲ ਪ੍ਰਚਾਰਕ ਸਟੈਂਡ ਜਾਂ ਸੁਪਰਮਾਰਕੀਟਾਂ ਵਿੱਚ ਕਾਉਂਟਰ;

- ਖੇਪ ਤੇ ਉਤਪਾਦਾਂ ਦੀ ਵਿਕਰੀ ਕਰਦੇ ਖੇਪ ਦੇ ਕਰਮਚਾਰੀਆਂ ਦੇ ਨਾਲ ਡਿਪਾਰਟਮੈਂਟ ਸਟੋਰਾਂ ਵਿੱਚ ਕਾਉਂਟਰ; ਅਤੇ
- ਚੈਰੀਟੇਬਲ ਜਾਂ ਗੈਰ-ਸਰਕਾਰੀ ਸੰਸਥਾਵਾਂ (NGOs) ਦੇ ਸੇਵਾ ਕੇਂਦਰ ਜਿੱਥੇ ਵਿਅਕਤੀ ਸਵੈ-ਸੇਵੀ ਕੰਮ ਕਰਦੇ ਹਨ।

## ਕਾਰਜ ਸਥਾਨ ਦਾ ਭਾਗੀਦਾਰ ਕੌਣ ਹੁੰਦਾ ਹੈ?

ਸੋਧੇ ਗਏ SDO, DDO, ਅਤੇ RDO ਦੇ ਤਹਿਤ, ਕਾਰਜ ਸਥਾਨ ਦੇ ਭਾਗੀਦਾਰ ਵਿਅਕਤੀ ਦੁਆਰਾ ਦੋਵਾਂ ਵਿਅਕਤੀਆਂ ਦੇ ਕਾਰਜ ਸਥਾਨ ਤੇ ਕਿਸੇ ਹੋਰ ਕਾਰਜ ਸਥਾਨ ਦੇ ਭਾਗੀਦਾਰ ਨੂੰ ਜਿਨਸੀ ਤੌਰ ਤੇ ਪਰੇਸ਼ਾਨ ਕਰਨਾ, ਜਾਂ ਅਪਾਹਜਤਾ ਜਾਂ ਨਸਲ ਦੇ ਅਧਾਰ ਤੇ ਪਰੇਸ਼ਾਨ ਕਰਨਾ ਗੈਰਕਾਨੂੰਨੀ ਹੈ। ਆਰਡੀਨੈਂਸਾਂ ਦੇ ਤਹਿਤ ਕਾਰਜ ਸਥਾਨ ਦੇ ਭਾਗੀਦਾਰ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ:

- ਇੱਕ ਮਾਲਕ;
- ਇੱਕ ਕਰਮਚਾਰੀ;
- ਠੇਕਾ ਕਰਮਚਾਰੀ;
- ਠੇਕਾ ਕਰਮਚਾਰੀ ਦਾ ਮੁਖੀ;
- ਕਮੀਸ਼ਨ ਏਜੰਟ;
- ਕਮੀਸ਼ਨ ਏਜੰਟ ਦਾ ਮੁਖੀ;
- ਫਰਮ ਵਿੱਚ ਭਾਗੀਦਾਰ;
- ਇੱਕ ਇੰਟਰਨ; ਜਾਂ
- ਇੱਕ ਵਲੰਟੀਅਰ।

**ਵਲੰਟੀਅਰ** – ਇੱਕ ਵਿਅਕਤੀ ਜੋ ਕਿਸੇ ਮਾਲਕ ਜਾਂ ਕਰਮਚਾਰੀ ਦੀ ਸਮਰੱਥਾ ਵਿੱਚ ਹੋਣ ਤੋਂ ਇਲਾਵਾ ਸਵੈ-ਸੇਵੀ ਕੰਮ ਕਰਦਾ ਹੈ।

**ਇੱਕ ਇੰਟਰਨ** – ਇੱਕ ਅਜਿਹਾ ਵਿਅਕਤੀ ਜੋ ਇੱਕ ਇੰਟਰਨਸ਼ਿਪ ਲਈ ਕਿਸੇ ਹੋਰ ਵਿਅਕਤੀ ਦੁਆਰਾ ਸ਼ਾਮਲ ਕੀਤਾ ਜਾਂਦਾ ਹੈ ਪਰ ਉਸ ਦੂਜੇ ਵਿਅਕਤੀ ਦਾ ਕਰਮਚਾਰੀ ਨਹੀਂ ਹੁੰਦਾ ਹੈ।

ਇੱਕ "ਇੰਟਰਨਸ਼ਿਪ" ਨੂੰ ਕੰਮ ਦੀ ਇੱਕ ਅਵਧੀ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ ਜੋ ਇੱਕ ਪੇਸ਼ੇਵਰ ਜਾਂ ਅਕਾਦਮਿਕ ਯੋਗਤਾ ਪ੍ਰਾਪਤ ਕਰਨ ਲਈ ਮੁਕੰਮਲ ਕਰਨੀ ਜ਼ਰੂਰੀ ਹੁੰਦੀ ਹੈ ਅਤੇ ਇਸ ਵਿੱਚ ਪਿਉਪਿਲੇਜ ਸ਼ਾਮਲ ਹੁੰਦਾ ਹੈ; ਜਾਂ ਕੰਮ ਦੀ ਕੋਈ ਹੋਰ ਅਵਧੀ ਜਿਸ ਨੂੰ ਆਮ ਤੌਰ 'ਤੇ ਇੱਕ ਇੰਟਰਨਸ਼ਿਪ ਵਜੋਂ ਦਰਸਾਇਆ ਜਾਂਦਾ ਹੈ।

## ਜਿਨਸੀ ਪਰੇਸ਼ਾਨੀ ਕੀ ਹੁੰਦੀ ਹੈ?

ਜਿਨਸੀ ਪਰੇਸ਼ਾਨੀ ਦੇ ਦੋ ਰੂਪ ਹੁੰਦੇ ਹਨ।

(1) ਕਿਸੇ ਵਿਅਕਤੀ ਪ੍ਰਤੀ ਅਣਚਾਹਿਆ ਵਿਹਾਰ

ਜਦੋਂ ਕੋਈ ਵਿਅਕਤੀ –

- ਕਿਸੇ ਹੋਰ ਵਿਅਕਤੀ ਨੂੰ ਅਣਉਚਿਤ ਜਿਨਸੀ ਪੇਸ਼ਗੀ, ਜਾਂ ਜਿਨਸੀ ਲਿਹਾਜ਼ਨ ਲਈ ਨਾਜਾਇਜ਼ ਬੇਨਤੀ ਕਰਦਾ ਹੈ; ਜਾਂ
- ਕਿਸੇ ਹੋਰ ਵਿਅਕਤੀ ਲਈ ਜਿਨਸੀ ਪ੍ਰਕਿਰਤੀ ਦੇ ਹੋਰ ਅਣਉਚਿਤ ਵਿਹਾਰ ਵਿੱਚ ਸ਼ਾਮਲ ਹੁੰਦਾ ਹੈ, ਜਿਸ ਲਈ ਇੱਕ ਸਮਝਦਾਰ ਵਿਅਕਤੀ, ਸਾਰੇ ਹਾਲਾਤਾਂ ਦੇ ਸੰਬੰਧ ਵਿੱਚ, ਇਹ ਅੰਦਾਜ਼ਾ ਲਗਾਏਗਾ ਕਿ ਦੂਜਾ ਵਿਅਕਤੀ ਨਾਰਾਜ਼, ਅਪਮਾਨਿਤ ਜਾਂ ਡਰਿਆ ਹੋਵੇਗਾ।

(2) ਜਿਨਸੀ ਤੌਰ ਤੇ ਵਿਰੋਧਮਈ ਮਾਹੌਲ ਬਣਾਉਣਾ

ਇੱਕ ਵਿਅਕਤੀ, ਇਕੱਲਾ ਜਾਂ ਦੂਜਿਆਂ ਨਾਲ ਮਿਲ ਕੇ, ਜਿਨਸੀ ਪ੍ਰਕਿਰਤੀ ਦੇ ਵਿਹਾਰ ਵਿੱਚ ਸ਼ਾਮਲ ਹੁੰਦਾ ਹੈ, ਜਿਸ ਨਾਲ ਕਿਸੇ ਹੋਰ ਵਿਅਕਤੀ ਲਈ ਵਿਰੋਧੀ ਜਾਂ ਡਰਾਉਣ ਵਾਲਾ ਮਾਹੌਲ ਪੈਦਾ ਹੁੰਦਾ ਹੈ। ਅਜਿਹੇ ਵਿਹਾਰ, ਉਦਾਹਰਣ ਵਜੋਂ, ਜਿਨਸੀ ਚੁਟਕਲੇ ਬਣਾਉਣ ਜਾਂ ਅਸ਼ਲੀਲ ਤਸਵੀਰਾਂ ਦਿਖਾਉਣ ਦੇ ਰੂਪ ਵਿੱਚ ਹੋ ਸਕਦੇ ਹਨ।

ਭਾਵੇਂ ਕਿਸੇ ਔਰਤ ਜਾਂ ਆਦਮੀ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ, ਅਤੇ ਜਿਨਸੀ ਸ਼ੋਸ਼ਣ ਕਰਨ ਵਾਲੇ ਵਿਅਕਤੀ ਦੇ ਜਿਨਸ ਤੇ ਧਿਆਨ ਦਿੱਤੇ ਬਿਨਾਂ, ਜਿਨਸੀ ਪਰੇਸ਼ਾਨੀ ਗੈਰ ਕਾਨੂੰਨੀ ਹੈ।

**ਉਦਾਹਰਣ: ਖੇਪ ਕਰਮਚਾਰੀ ਦਾ ਜਿਨਸੀ ਸ਼ੋਸ਼ਣ**

ਡੇਜ਼ੀ ਇੱਕ ਵੱਡੀ ਪ੍ਰਚੂਨ ਦੀ ਦੁਕਾਨ 'ਤੇ ਖੇਪ 'ਤੇ ਇਲੈਕਟ੍ਰਾਨਿਕ ਉਤਪਾਦਾਂ ਦੀ ਪ੍ਰਚਾਰਕ ਵਜੋਂ ਕੰਮ ਕਰਦੀ ਹੈ। ਉਹ ਪ੍ਰਚੂਨ ਦੀ ਦੁਕਾਨ ਦੀ ਬਜਾਏ ਪ੍ਰਚਾਰਕ ਕੰਪਨੀ ਦੀ ਇੱਕ ਕਰਮਚਾਰੀ ਹੈ। ਹੈਨਰੀ ਪ੍ਰਚੂਨ ਦੀ ਦੁਕਾਨ ਦਾ ਇੱਕ ਕਰਮਚਾਰੀ ਹੈ ਅਤੇ ਡੇਜ਼ੀ ਵਾਲੇ ਹਿੱਸੇ ਵਿੱਚ ਹੀ ਕੰਮ ਕਰਦਾ ਹੈ। ਕਈ ਮੌਕਿਆਂ 'ਤੇ ਹੈਨਰੀ ਨੇ ਡੇਜ਼ੀ ਨੂੰ ਜਿਨਸੀ ਪੇਸ਼ਗੀਆਂ ਦਿੱਤੀਆਂ, ਜਿਸ ਨਾਲ ਡੇਜ਼ੀ ਜ਼ਲੀਲ ਹੋਈ ਅਤੇ ਡਰ ਗਈ। ਇਹ ਸਾਂਝੇ ਕਾਰਜ ਸਥਾਨ ਤੇ ਹੈਨਰੀ ਦੁਆਰਾ ਡੇਜ਼ੀ ਨੂੰ ਗੈਰਕਾਨੂੰਨੀ ਜਿਨਸੀ ਪਰੇਸ਼ਾਨੀ ਦੇਣ ਦੀ ਸੰਭਾਵਨਾ ਹੈ।

## ਛਾਤੀ ਦਾ ਦੁੱਧ ਪਿਲਾਉਣ ਸੰਬੰਧੀ ਪਰੇਸ਼ਾਨੀ ਕੀ ਹੁੰਦੀ ਹੈ?

ਔਰਤਾਂ ਦੁਆਰਾ ਛਾਤੀ ਦਾ ਦੁੱਧ ਪਿਆਉਣ ਸੰਬੰਧੀ ਪਰੇਸ਼ਾਨੀ ਦੇ ਦੋ ਰੂਪ ਹੁੰਦੇ ਹਨ। ਇਹ ਉਸ ਸਮੇਂ ਲਾਗੂ ਹੁੰਦਾ ਹੈ ਜਦੋਂ ਕੋਈ ਵਿਅਕਤੀ ਇਸ ਆਧਾਰ 'ਤੇ ਇੱਕ ਔਰਤ ਨੂੰ ਪਰੇਸ਼ਾਨ ਕਰਦਾ ਹੈ ਕਿ ਔਰਤ ਨਿਮਨਲਿਖਿਤ ਦੁਆਰਾ ਛਾਤੀ ਤੋਂ ਦੁੱਧ ਪਿਲਾਉਂਦੀ ਹੈ:

**(1)** ਛਾਤੀ ਤੋਂ ਦੁੱਧ ਪਿਲਾਉਣ ਵਾਲੀ ਔਰਤ ਪ੍ਰਤੀ ਅਣਚਾਹਿਆ ਵਿਹਾਰ

ਜਦੋਂ ਇੱਕ ਵਿਅਕਤੀ ਅਣਚਾਹੇ ਵਿਹਾਰ ਵਿੱਚ ਸ਼ਾਮਲ ਹੁੰਦਾ ਹੈ, ਜੋ ਇੱਕ ਨਿਆਂਪੂਰਨ ਵਿਅਕਤੀ ਸਾਰੀਆਂ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਅਨੁਮਾਨ ਲਗਾਉਂਦਾ ਹੈ ਕਿ ਔਰਤ ਉਸ ਵਿਹਾਰ ਨਾਲ ਦੁਖੀ, ਅਪਮਾਨਿਤ ਜਾਂ ਤੋਂ ਡਰੀ ਹੋਏਗੀ।

**(2)** ਇੱਕ ਪ੍ਰਤੀਕੂਲ ਜਾਂ ਡਰਾਉਣਾ ਮਾਹੌਲ ਬਣਾਉਣਾ

ਇੱਕ ਵਿਅਕਤੀ ਇਕੱਲਾ, ਜਾਂ ਹੋਰ ਲੋਕਾਂ ਨਾਲ ਮਿਲ ਕੇ ਅਜਿਹੇ ਵਿਹਾਰ ਵਿੱਚ ਸ਼ਾਮਲ ਹੁੰਦਾ ਹੈ ਜੋ ਔਰਤ

ਪ੍ਰਤੀ ਇੱਕ ਪ੍ਰਤੀਕੂਲ ਜਾਂ ਡਰਾਉਣਾ ਮਾਹੌਲ ਬਣਾਉਂਦਾ ਹੈ।

ਅਜਿਹੇ ਵਿਹਾਰ ਵਿੱਚ ਇੱਕ ਔਰਤ ਲਈ ਜਾਂ ਉਸ ਦੀ ਮੌਜੂਦਗੀ ਵਿੱਚ ਅਜਿਹਾ ਬਿਆਨ ਦੇਣਾ, ਭਾਵੇਂ ਉਹ ਬਿਆਨ ਜ਼ਬਾਨੀ ਜਾਂ ਲਿਖਤੀ ਰੂਪ ਵਿੱਚ ਹੋਵੇ।

**ਉਦਾਹਰਣ: ਇੱਕ ਸਹਿ-ਕਾਰਜ ਸਥਾਨ ਵਿੱਚ ਛਾਤੀ ਦਾ ਦੁੱਧ ਪਿਲਾਉਣ ਵਾਲੀ ਔਰਤ ਨੂੰ ਪਰੇਸ਼ਾਨੀ**

ਯਾਨ-ਵਿੰਗ ਇੱਕ ਕੰਪਨੀ ਵਿੱਚ ਕਰਮਚਾਰੀ ਹੈ ਜੋ ਇੱਕ ਸਹਿ-ਕਾਰਜ ਸਥਾਨ ਵਿੱਚ ਦਫ਼ਤਰ ਲਈ ਜਗ੍ਹਾ ਕਿਰਾਏ 'ਤੇ ਦਿੰਦੀ ਹੈ। ਯਾਨ-ਵਿੰਗ ਦੀ ਆਪਣੇ ਮਾਲਕ ਨਾਲ ਸਹਿਮਤੀ ਹੈ ਕਿ ਉਹ ਕੰਮ 'ਤੇ ਆਪਣੇ ਬੱਚੇ ਲਈ ਦੁੱਧ ਕੱਢ ਸਕਦੀ ਹੈ। ਮਾਲਕ ਸਹਿਮਤ ਸੀ ਕਿ ਯਾਨ-ਵਿੰਗ ਆਪਣੀ ਛਾਤੀ ਦਾ ਦੁੱਧ ਸਟਾਫ ਦੀ ਰਸੋਈ ਵਿੱਚ ਫਰਿੱਜ ਵਿੱਚ ਰੱਖ ਸਕਦੀ ਹੈ, ਜਦੋਂ ਤੱਕ ਉਸ ਨੂੰ ਛਾਤੀ ਦਾ ਦੁੱਧ ਦਰਸਾਇਆ ਜਾਵੇ। ਟੈਕ-ਹਿੰਗ ਇੱਕ ਕਾਂਟ੍ਰੈਕਟ ਕਰਮਚਾਰੀ ਹੈ ਜੋ ਸਹਿ-ਕਾਰਜ ਸਥਾਨ ਵਿੱਚ ਕਿਸੇ ਹੋਰ ਇਕਰਾਰਨਾਮੇ ਵਿੱਚ ਕੰਮ ਕਰਦਾ ਹੈ। ਰਸੋਈ ਉਸ ਮੰਜ਼ਿਲ 'ਤੇ ਕਿਰਾਏ ਤੇ ਰਹਿਣ ਵਾਲੀਆਂ ਸਾਰੀਆਂ ਕੰਪਨੀਆਂ ਲਈ ਇੱਕ ਸਾਂਝੀ ਜਗ੍ਹਾ ਹੈ। ਟੈਕ-ਹਿੰਗ, ਇੱਕ ਕਾਰਜ ਸਥਾਨ ਦਾ ਭਾਗੀਦਾਰ ਹੋਣ ਕਾਰਨ ਰਸੋਈ ਦੇ ਫਰਿੱਜ ਵਿੱਚ ਛਾਤੀ ਦੇ ਦੁੱਧ ਨੂੰ ਵੇਖਦਾ ਹੈ ਅਤੇ ਯਾਨ-ਵਿੰਗ ਅਤੇ ਉਥੇ ਕੰਮ ਕਰ ਰਹੇ ਹੋਰਾਂ ਵਿਅਕਤੀਆਂ ਦੇ ਸਾਹਮਣੇ ਤਿੰਨ ਮੌਕਿਆਂ 'ਤੇ ਇਹ ਕਹਿੰਦੇ ਹੋਏ ਮਜ਼ਾਕ ਉਡਾਉਂਦਾ ਹੈ ਕਿ ਯਾਨ-ਵਿੰਗ ਦੀ ਛਾਤੀ ਦੇ ਦੁੱਧ ਦਾ "ਸੁਆਦ" ਗਊ ਦੇ ਦੁੱਧ ਨਾਲੋਂ ਵਧੀਆ ਹੋਣਾ ਚਾਹੀਦਾ ਹੈ"। ਅਜਿਹਾ ਵਿਵਹਾਰ ਇੱਕ ਅਣਚਾਹੇ ਵਿਵਹਾਰ ਵਰਗਾ ਹੈ ਜੋ ਯਾਨ-ਵਿੰਗ ਨੂੰ ਦੁਖੀ, ਅਪਮਾਨਿਤ ਕਰੇਗਾ ਜਾਂ ਡਰਾਏਗਾ ਅਤੇ ਇਸ ਤਰ੍ਹਾਂ ਇੱਕ ਸਾਂਝੇ ਕਾਰਜ ਸਥਾਨ ਗੈਰਕਾਨੂੰਨੀ ਤੌਰ 'ਤੇ ਛਾਤੀ ਦਾ ਦੁੱਧ ਪਿਲਾਉਣ ਸੰਬੰਧੀ ਪਰੇਸ਼ਾਨੀ ਪੈਦਾ ਕਰਦਾ ਹੈ।

## ਅਪਾਹਜਤਾ ਜਾਂ ਨਸਲੀ ਪਰੇਸ਼ਾਨੀ ਕੀ ਹੁੰਦੀ ਹੈ?

**ਅਪਾਹਜਤਾ ਸੰਬੰਧੀ ਪਰੇਸ਼ਾਨੀ** ਕਿਸੇ ਵਿਅਕਤੀ ਦੀ ਅਪਾਹਜਤਾ ਦੇ ਅਧਾਰ ਤੇ ਕੋਈ ਅਣਉਚਿਤ ਵਿਵਹਾਰ ਹੁੰਦਾ ਹੈ ਜਿੱਥੇ ਇੱਕ ਸਮਝਦਾਰ ਵਿਅਕਤੀ ਨੇ ਇਹ ਅੰਦਾਜ਼ਾ ਲਗਾਇਆ ਹੋਵੇਗਾ ਕਿ ਵਿਅਕਤੀ ਉਸ ਵਿਵਹਾਰ ਨਾਲ ਨਾਰਾਜ਼, ਅਪਮਾਨਿਤ ਜਾਂ ਡਰਿਆ ਹੋਵੇਗਾ। ਉਦਾਹਰਣ ਦੇ ਲਈ, ਇਸ ਵਿੱਚ ਕਿਸੇ ਵਿਅਕਤੀ ਦੀ ਅਪਾਹਜਤਾ ਬਾਰੇ ਅਪਮਾਨਜਨਕ ਟਿੱਪਣੀਆਂ ਜਾਂ ਭੱਦੇ ਚੁਟਕਲੇ ਬਣਾਉਣਾ ਸ਼ਾਮਲ ਹੋ ਸਕਦੇ ਹਨ।

**ਨਸਲੀ ਪਰੇਸ਼ਾਨੀ** ਦੋ ਸਥਿਤੀਆਂ ਵਿੱਚ ਗੈਰਕਾਨੂੰਨੀ ਹੁੰਦੀ ਹੈ:

(1) ਕਿਸੇ ਵਿਅਕਤੀ ਪ੍ਰਤੀ ਅਣਉਚਿਤ ਵਿਹਾਰ

ਜਿੱਥੇ ਕੋਈ ਵਿਅਕਤੀ, ਕਿਸੇ ਹੋਰ ਵਿਅਕਤੀ ਦੀ ਨਸਲ ਦੇ ਅਧਾਰ ਤੇ, ਅਣਉਚਿਤ ਵਿਹਾਰ ਵਿੱਚ ਸ਼ਾਮਲ ਹੁੰਦਾ ਹੈ ਜਿਸਦਾ ਇੱਕ ਸਮਝਦਾਰ ਵਿਅਕਤੀ ਅੰਦਾਜ਼ਾ ਲਗਾਏਗਾ ਕਿ ਦੂਜਾ ਵਿਅਕਤੀ ਇਸ ਵਿਹਾਰ ਨਾਲ ਨਾਰਾਜ਼, ਅਪਮਾਨਿਤ ਜਾਂ ਡਰਿਆ ਹੋਵੇਗਾ।

(2) ਨਸਲੀ ਤੌਰ ਤੇ ਵਿਰੋਧਮਈ ਮਾਹੌਲ ਬਣਾਉਣਾ

ਜਿੱਥੇ ਕਿਸੇ ਵਿਅਕਤੀ ਦੀ ਨਸਲ ਦੇ ਅਧਾਰ 'ਤੇ, ਕੋਈ ਵਿਅਕਤੀ ਜਾਂ ਜ਼ਿਆਦਾ ਵਿਅਕਤੀ ਅਜਿਹੇ ਵਿਹਾਰ ਵਿੱਚ ਸ਼ਾਮਲ ਹੁੰਦੇ ਹਨ ਜੋ ਕਿਸੇ ਹੋਰ ਵਿਅਕਤੀ ਲਈ ਵਿਰੋਧੀ ਜਾਂ ਡਰਾਉਣ ਵਾਲਾ ਮਾਹੌਲ ਪੈਦਾ ਕਰਦਾ ਹੈ।

**ਉਦਾਹਰਣ: ਵਲੰਟੀਅਰ ਲਈ ਅਪਾਹਜਤਾ ਸੰਬੰਧੀ ਪਰੇਸ਼ਾਨੀ**

ਇੱਕ ਚੈਰੀਟੇਬਲ ਸੰਸਥਾ ਵਿਸ਼ੇਸ਼ ਅਧਿਕਾਰਾਂ ਵਾਲੇ ਪਰਿਵਾਰਾਂ ਲਈ ਦਾਨ ਕੀਤੇ ਭੋਜਨ ਦੀ ਸਪਲਾਈ ਪ੍ਰਦਾਨ ਕਰਦੀ ਹੈ। ਸੰਸਥਾ ਨਿਯਮਿਤ ਤੌਰ ਤੇ ਦਫਤਰ ਵਿੱਚ ਖਾਣੇ ਦੀ ਸਪਲਾਈ ਦੀ ਛਾਂਟੀ ਕਰਨ ਵਿੱਚ ਸਹਾਇਤਾ ਲਈ ਵਲੰਟੀਅਰਾਂ ਨੂੰ ਸ਼ਾਮਲ ਕਰਦੀ ਹੈ। ਸ਼੍ਰੀਮਾਨ ਸੂਇਨ, ਇੱਕ ਪੈਰਪਲੇਜਿਕ ਅਤੇ ਵਹੀਲਚੇਅਰ-ਚਾਲਕ, ਇੱਕ ਸਾਲ ਤੋਂ ਸੰਸਥਾ ਵਿੱਚ ਵਲੰਟੀਅਰ ਹਨ। ਸ਼੍ਰੀਮਾਨ ਸੂਇਨ ਅਤੇ ਚੈਰੀਟੇਬਲ ਸੰਸਥਾ ਵਿਚਕਾਰ ਕੋਈ ਰੁਜ਼ਗਾਰ ਸਬੰਧ ਨਹੀਂ ਹਨ। ਜਦੋਂ ਸ਼੍ਰੀਮਾਨ ਸੂਇਨ ਦਫਤਰ ਵਿੱਚ ਕੰਮ ਕਰ ਰਹੇ ਸਨ, ਚੈਰੀਟੇਬਲ ਸੰਸਥਾ ਦੇ ਇੱਕ ਕਰਮਚਾਰੀ ਸ਼੍ਰੀਮਾਨ ਵੌਂਗ ਨੇ ਕਈ ਮੌਕਿਆਂ ਤੇ ਸ਼੍ਰੀਮਾਨ ਸੂਇਨ ਅਤੇ ਉਹਨਾਂ ਦੀ ਅਪਾਹਜਤਾ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ। ਵਿਅੰਗਾਤਮਕ ਲਹਿਜ਼ੇ ਵਿੱਚ ਇਹ ਕਹਿਣ ਤੋਂ ਇਲਾਵਾ ਕਿ "ਅਸੀਂ ਕਿਸੇ ਅਪਾਹਜ ਵਿਅਕਤੀ ਨੂੰ ਸ਼ਾਮਲ ਕਿਉਂ ਕਰ ਰਹੇ ਹਾਂ, ਉਹ ਬੇਕਾਰ ਹਨ", ਸ਼੍ਰੀਮਾਨ ਵੌਂਗ ਨੇ ਸ਼੍ਰੀਮਾਨ ਸੂਇਨ ਨੂੰ ਇਹ ਵੀ ਕਿਹਾ: "ਸ਼੍ਰੀਮਾਨ ਸੂਇਨ, ਤੁਹਾਡਾ ਕੋਈ ਦੋਸਤ ਕਿਵੇਂ ਹੋ ਸਕਦਾ ਹੈ ਜਦਕਿ ਤੁਸੀਂ ਅਪਾਹਜ ਹੋ ਅਤੇ ਵਹੀਲਚੇਅਰ ਤੇ ਹੋ?" ਸ਼੍ਰੀਮਾਨ ਵੌਂਗ ਦੇ ਅਜਿਹੇ ਵਿਹਾਰ ਦੀ ਇੱਕ ਸਾਂਝੇ ਕਾਰਜ ਸਥਾਨ ਤੇ ਸ਼੍ਰੀਮਾਨ ਸੂਇਨ ਪ੍ਰਤੀ ਗੈਰਕਾਨੂੰਨੀ ਅਪਾਹਜਤਾ ਸੰਬੰਧੀ ਪਰੇਸ਼ਾਨੀ ਹੋਣ ਦੀ ਸੰਭਾਵਨਾ ਹੈ।

**ਉਦਾਹਰਣ: ਇੱਕ ਖੇਪ ਪ੍ਰਚਾਰਕ ਦੀ ਨਸਲੀ ਪਰੇਸ਼ਾਨੀ**

ਸ਼੍ਰੀਮਤੀ ਡਿਏਗੋ, ਇੱਕ ਫਿਲਿਪੀਨੋ ਔਰਤ, ਇੱਕ ਵੱਡੀ ਪ੍ਰਚੂਨ ਦੀ ਦੁਕਾਨ ਵਿੱਚ ਸਿਹਤ ਉਤਪਾਦਾਂ ਦੇ ਪ੍ਰਚਾਰਕ ਵਜੋਂ ਕੰਮ ਕਰਦੀ ਸੀ। ਉਸ ਨੂੰ ਪ੍ਰਚੂਨ ਦੀ ਦੁਕਾਨ ਦੁਆਰਾ ਕੰਮ ਤੇ ਲਗਾਏ ਜਾਣ ਦੀ ਬਜਾਇ ਸਿਹਤ ਉਤਪਾਦਾਂ ਦੀ ਕੰਪਨੀ ਦੁਆਰਾ ਇੱਕ ਪ੍ਰਚਾਰਕ ਵਜੋਂ ਨਿਯੁਕਤ ਕੀਤਾ ਗਿਆ ਸੀ। ਸ਼੍ਰੀਮਤੀ ਚੇਉਂਗ, ਇੱਕ ਚੀਨੀ ਔਰਤ, ਪ੍ਰਚੂਨ ਦੀ ਦੁਕਾਨ ਵਿੱਚ ਇੱਕ ਕਰਮਚਾਰੀ ਹੈ। ਉਹ ਸ਼੍ਰੀਮਤੀ ਡਿਏਗੋ ਨਾਲ ਹੀ ਉਸੇ ਸਿਹਤ ਉਤਪਾਦਾਂ ਵਾਲੇ ਹਿੱਸੇ ਵਿੱਚ ਕੈਸ਼ੀਅਰ ਵਜੋਂ ਕੰਮ ਕਰਦੀ ਹੈ। ਸ਼੍ਰੀਮਤੀ ਚੇਉਂਗ ਅਕਸਰ ਫਿਲਿਪੀਨੋ ਔਰਤਾਂ ਬਾਰੇ ਵਿਅੰਗਾਤਮਕ ਚੁਟਕਲੇ ਅਤੇ ਟਿੱਪਣੀਆਂ ਕਰਦੀ ਹੈ, ਅਤੇ ਉਹਨਾਂ ਦੇ ਸਿਰਫ ਘਰੇਲੂ ਕਰਮਚਾਰੀ ਹੋਣ ਨੂੰ ਚੰਗਾ ਮੰਨਣ ਦਾ ਜ਼ਿਕਰ ਕਰਦੀ ਹੈ, ਉਹ ਸਾਰੇ ਚੋਰੀ ਕਰਦੇ ਹਨ, ਅਤੇ ਉਹਨਾਂ ਦੀ ਦੂਜੀਆਂ ਔਰਤਾਂ ਦੇ ਪਤੀਆਂ ਦੇ ਨਾਲ ਸੰਬੰਧ ਹੋਣ ਦੀ ਸੰਭਾਵਨਾ ਹੁੰਦੀ ਹੈ। ਇਹ ਟਿੱਪਣੀਆਂ ਸ਼੍ਰੀਮਤੀ ਚੇਉਂਗ ਦੁਆਰਾ ਸ਼੍ਰੀਮਤੀ ਡਿਏਗੋ ਦੇ ਸਾਹਮਣੇ ਕੀਤੀਆਂ ਗਈਆਂ ਸਨ, ਅਤੇ ਸ਼੍ਰੀਮਤੀ ਚੇਉਂਗ ਜਾਣਦੀ ਹੈ ਕਿ ਸ਼੍ਰੀਮਤੀ ਡਿਏਗੋ ਫਿਲਿਪੀਨੋ ਹੈ। ਸ਼੍ਰੀਮਤੀ ਡਿਏਗੋ ਨੇ ਸ਼੍ਰੀਮਤੀ ਚੇਉਂਗ ਦੀਆਂ ਟਿੱਪਣੀਆਂ ਤੋਂ ਅਪਮਾਨਿਤ ਮਹਿਸੂਸ ਕੀਤਾ। ਇਹ ਸਾਂਝੇ ਕਾਰਜ ਸਥਾਨ ਤੇ ਇੱਕ ਵਿਰੋਧੀ ਅਤੇ ਡਰਾਉਣ ਵਾਲਾ ਮਾਹੌਲ ਬਣਾਉਣ ਰਾਹੀਂ, ਸ਼੍ਰੀਮਤੀ ਚੇਉਂਗ ਦੁਆਰਾ ਸ਼੍ਰੀਮਤੀ ਡਿਏਗੋ ਲਈ ਗੈਰਕਾਨੂੰਨੀ ਨਸਲੀ ਪਰੇਸ਼ਾਨੀ ਕਰਨ ਦੀ ਸੰਭਾਵਨਾ ਹੈ।

## ਇੰਟਰਨ ਅਤੇ ਵਲੰਟੀਅਰਾਂ ਨਾਲ ਜੁੜੇ ਵਿਅਕਤੀਆਂ ਦੀ ਜ਼ੁੰਮੇਵਾਰੀ

SDO, DDO ਅਤੇ RDO ਦੇ ਤਹਿਤ, ਪ੍ਰਤੀਨਿਧੀ ਜ਼ੁੰਮੇਵਾਰੀ ਦੀ ਧਾਰਣਾ ਲਾਗੂ ਹੁੰਦੀ ਹੈ। ਇਸਦਾ ਮਤਲਬ ਇਹ ਹੁੰਦਾ ਹੈ ਕਿ ਕੋਈ ਮਾਲਕ ਜਾਂ ਕਿਸੇ ਏਜੰਟ ਦਾ ਮੁਖੀ SDO, DDO ਅਤੇ RDO ਦੇ ਤਹਿਤ, ਕਿਸੇ ਕਰਮਚਾਰੀ ਦੀ ਜਾਂ ਕਿਸੇ ਏਜੰਟ ਦੀ ਜਿਨਸੀ, ਛਾਤੀ ਦਾ ਦੁੱਧ ਪਿਲਾਉਣ, ਅਪਾਹਜਤਾ ਜਾਂ ਨਸਲੀ ਪਰੇਸ਼ਾਨੀ ਲਈ ਜ਼ੁੰਮੇਵਾਰ ਹੋਵੇਗਾ, ਭਾਵੇਂ ਮਾਲਕ ਜਾਂ ਮੁਖੀ ਐਕਟ ਬਾਰੇ ਜਾਣਦੇ ਸਨ ਜਾਂ ਸਹਿਮਤ ਸਨ ਜਾਂ ਨਹੀਂ। ਇੱਕ ਮਾਲਕ ਦਾ ਬਚਾਅ ਸਿਰਫ ਉਦੋਂ ਹੁੰਦਾ ਹੈ ਜੇ ਉਹ ਸਾਬਤ ਕਰ

ਸਕਣ ਕਿ ਉਨ੍ਹਾਂ ਨੇ ਕਾਰਜ ਸਥਾਨ 'ਤੇ ਅਜਿਹੇ ਕੰਮ ਨੂੰ ਰੋਕਣ ਲਈ "ਉਚਿਤ ਵਿਵਹਾਰਕ ਕਦਮ" ਚੁੱਕੇ ਹਨ। ਅਜਿਹੇ ਹਾਲਾਤਾਂ ਵਿੱਚ ਮੁਖੀ ਲਈ ਕੋਈ ਕਾਨੂੰਨੀ ਬਚਾਅ ਨਹੀਂ ਹੁੰਦਾ ਹੈ।

ਇੰਟਰਨ ਜਾਂ ਵਲੰਟੀਅਰਾਂ ਨੂੰ ਸ਼ਾਮਲ ਕਰਨ ਵਾਲੇ ਵਿਅਕਤੀ ਦੇ ਸੰਬੰਧ ਵਿੱਚ ਜ਼ੁੰਮੇਵਾਰੀ ਦੀ ਇੱਕ ਸਮਾਨ ਧਾਰਣਾ ਲਾਗੂ ਕੀਤੀ ਗਈ ਹੈ। ਸੋਧੇ ਗਏ SDO, DDO ਅਤੇ RDO ਵਿੱਚ ਅੱਗੇ ਦੱਸਿਆ ਜਾਂਦਾ ਹੈ ਕਿ ਇੱਕ ਇੰਟਰਨਸ਼ਿਪ ਦੇ ਕੋਰਸ ਵਿੱਚ ਇੱਕ ਇੰਟਰਨ ਦੁਆਰਾ ਕੀਤੇ ਗਏ ਕੰਮ ਨੂੰ, ਇੰਟਰਨ ਦੁਆਰਾ ਕੀਤੇ ਕੰਮ ਵਜੋਂ ਮੰਨਿਆ ਜਾਣਾ ਚਾਹੀਦਾ ਹੈ, ਅਤੇ ਉਸ ਵਿਅਕਤੀ ਦੁਆਰਾ ਜਿਸਨੇ ਇੰਟਰਨਸ਼ਿਪ ਲਈ ਇੰਟਰਨ ਨੂੰ ਸ਼ਾਮਲ ਕੀਤਾ, ਭਾਵੇਂ ਇਹ ਕੰਮ ਉਸ ਵਿਅਕਤੀ ਦੇ ਗਿਆਨ ਜਾਂ ਪ੍ਰਵਾਨਗੀ ਨਾਲ ਕੀਤਾ ਗਿਆ ਸੀ ਜਾਂ ਨਹੀਂ।

ਇਸੇ ਤਰ੍ਹਾਂ, ਸਵੈ-ਸੇਵਾ ਦਾ ਕੰਮ ਕਰਨ ਦੇ ਦੌਰਾਨ ਕਿਸੇ ਵਲੰਟੀਅਰ ਦੁਆਰਾ ਕੀਤੇ ਗਏ ਕੰਮ ਨੂੰ ਵਲੰਟੀਅਰ ਦੁਆਰਾ ਕੀਤੇ ਕੰਮ ਵਜੋਂ ਮੰਨਿਆ ਜਾਂਦਾ ਹੈ, ਅਤੇ ਉਹ ਵਿਅਕਤੀ ਦੁਆਰਾ ਜਿਸਨੇ ਕੰਮ ਕਰਨ ਲਈ ਵਲੰਟੀਅਰ ਨੂੰ ਲਗਾਇਆ ਸੀ, ਭਾਵੇਂ ਇਹ ਕੰਮ ਉਸ ਵਿਅਕਤੀ ਦੇ ਗਿਆਨ ਜਾਂ ਪ੍ਰਵਾਨਗੀ ਨਾਲ ਕੀਤਾ ਗਿਆ ਸੀ ਜਾਂ ਨਹੀਂ।

ਇੰਟਰਨ ਜਾਂ ਵਲੰਟੀਅਰ ਨੂੰ ਸ਼ਾਮਲ ਕਰਨ ਵਾਲੇ ਵਿਅਕਤੀ ਲਈ ਬਚਾਅ ਸਿਰਫ ਉੱਥੇ ਹੁੰਦਾ ਹੈ ਜਿੱਥੇ ਉਹ ਸਾਬਤ ਕਰਦਾ/ਕਰਦੀ ਹੈ ਕਿ ਉਸਨੇ ਇੰਟਰਨ ਜਾਂ ਵਲੰਟੀਅਰ ਨੂੰ ਅਜਿਹਾ ਕੰਮ ਕਰਨ ਤੋਂ ਰੋਕਣ ਲਈ ਉਚਿਤ ਵਿਵਹਾਰਕ ਚੁੱਕੇ ਹਨ, ਜਾਂ ਇੰਟਰਨਸ਼ਿਪ ਦੇ ਕੋਰਸ ਜਾਂ ਸਵੈ-ਸੇਵਾ ਦੇ ਕੰਮ ਨੂੰ ਕਰਨ ਦੌਰਾਨ ਉਸ ਕਿਸਮ ਦੀਆਂ ਕਾਰਵਾਈਆਂ ਕਰਨ ਤੋਂ ਬਚਾਅ ਹੁੰਦਾ ਹੈ। ਆਖਿਰਕਾਰ, ਅਦਾਲਤ ਕੇਸ ਦੇ ਹਾਲਾਤਾਂ ਤੇ ਵਿਚਾਰ ਕਰੇਗੀ ਅਤੇ ਫੈਸਲਾ ਲਵੇਗੀ ਕਿ ਕੀ ਇੰਟਰਨ ਜਾਂ ਵਲੰਟੀਅਰ ਨੂੰ ਸ਼ਾਮਲ ਕਰਨ ਵਾਲੇ ਵਿਅਕਤੀ ਦੁਆਰਾ ਚੁੱਕੇ ਗਏ ਕਦਮ ਕਾਫੀ ਹਨ।

## ਸਾਂਝੇ ਕਾਰਜ ਸਥਾਨ ਤੇ ਪਰੇਸ਼ਾਨੀ ਨੂੰ ਰੋਕਣ ਲਈ ਚੰਗੀਆਂ ਕਾਰਵਾਈਆਂ

### *ਨਿਵਾਰਕ ਉਪਾਅ:*

- ਸਾਂਝੇ ਕਾਰਜ ਸਥਾਨਾਂ ਦੀਆਂ ਅਜਿਹੀਆਂ ਸਥਿਤੀਆਂ, ਜਿੱਥੇ ਵਿਅਕਤੀਆਂ ਵਿਚਕਾਰ ਰੁਜ਼ਗਾਰ ਦੇ ਕੋਈ ਸੰਬੰਧ ਨਹੀਂ ਹੁੰਦੇ ਹਨ, ਨੂੰ ਸ਼ਾਮਲ ਕਰਨ ਲਈ ਕੰਪਨੀ/ਸੰਗਠਨ ਲਈ ਪਰੇਸ਼ਾਨੀ ਵਿਰੋਧੀ ਨੀਤੀਆਂ ਦਾ ਵਿਕਾਸ ਕਰਨਾ ਜਾਂ ਸੋਧ ਕਰਨਾ;
- ਸੰਬੰਧਤ ਵਿਅਕਤੀਆਂ, ਜਿਵੇਂ ਕਿ ਕਰਮਚਾਰੀਆਂ, ਠੇਕੇ ਤੇ ਕੰਮ ਕਰਨ ਵਾਲੇ ਕਰਮਚਾਰੀਆਂ, ਖੇਪ ਕਰਮਚਾਰੀਆਂ, ਇੰਟਰਨ ਜਾਂ ਵਲੰਟੀਅਰਾਂ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਨਵੇਂ ਕਾਨੂੰਨਾਂ ਅਤੇ ਸੰਗਠਨ ਦੀਆਂ ਨੀਤੀਆਂ ਬਾਰੇ ਸੰਖੇਪ ਵਿੱਚ ਦੱਸਣਾ;
- ਸਾਂਝੇ ਕਾਰਜ ਸਥਾਨਾਂ 'ਤੇ ਕੰਮ ਕਰ ਰਹੇ ਵਿਅਕਤੀਆਂ ਦੁਆਰਾ ਪਰੇਸ਼ਾਨੀ ਸੰਬੰਧੀ ਸ਼ਿਕਾਇਤਾਂ ਨੂੰ ਸੰਭਾਲਣ ਲਈ ਚੈਨਲ ਸਥਾਪਿਤ ਕਰਨਾ, ਅਤੇ ਉਹਨਾਂ ਨੂੰ ਸ਼ਿਕਾਇਤ ਚੈਨਲਾਂ ਬਾਰੇ ਸੂਚਿਤ ਕਰਨਾ; ਅਤੇ
- ਸਾਂਝੇ ਕਾਰਜ ਸਥਾਨਾਂ ਵਿੱਚ ਕੰਮ ਕਰਦੇ ਸਾਰੇ ਵਿਅਕਤੀਆਂ ਨੂੰ ਕਾਨੂੰਨ ਵਿੱਚ ਤਬਦੀਲੀਆਂ ਅਤੇ ਅਪਡੇਟ ਹੋਈਆਂ ਅੰਦਰੂਨੀ ਪਰੇਸ਼ਾਨੀ ਵਿਰੋਧੀ ਨੀਤੀਆਂ ਬਾਰੇ ਨਿਯਮਤ ਰੀਮਾਈਂਡਰ ਅਤੇ ਸਿਖਲਾਈ ਦੇਣਾ।

### *ਉਪਚਾਰੀ ਉਪਾਅ*

- ਸ਼ਿਕਾਇਤਾਂ ਜਾਂ ਪਰੇਸ਼ਾਨੀ ਦੀਆਂ ਘਟਨਾਵਾਂ ਨੂੰ ਉਚਿਤ ਅਤੇ ਫੌਰੀ ਤੌਰ ਤੇ ਸੰਭਾਲਣਾ, ਜਿਵੇਂ ਕਿ ਜਾਂਚ ਕਰਵਾ ਕੇ;
- ਪਰੇਸ਼ਾਨੀ ਦੀਆਂ ਹੋਰ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਸ਼ਿਕਾਇਤਕਰਤਾ ਦੀ ਸਹਿਮਤੀ ਤੇ ਕੰਮ ਦੇ ਪ੍ਰਬੰਧਾਂ ਵਿੱਚ ਅਸਥਾਈ ਤਬਦੀਲੀਆਂ ਕਰਨਾ;

- ਉਚਿਤ ਅਨੁਸ਼ਾਸਨੀ ਕਾਰਵਾਈ ਕਰਨਾ, ਜਿਵੇਂ ਕਿ ਪਰੇਸ਼ਾਨ ਕਰਨ ਵਾਲੇ ਨੂੰ ਚੇਤਾਵਨੀ ਦੇਣਾ ਜਾਂ ਜੇ ਗੰਭੀਰ ਹੋਵੇ, ਤਾਂ ਸੰਭਾਵਤ ਬਰਖਾਸਤਗੀ, ਜਿਥੇ ਲਾਏ ਗਏ ਦੋਸ਼ ਨੂੰ ਸਹੀ ਅਤੇ ਪੁਸ਼ਟੀ ਕੀਤਾ ਸਾਬਤ ਕੀਤਾ ਜਾਂਦਾ ਹੈ;
- ਅਜਿਹੀਆਂ ਪਰੇਸ਼ਾਨੀ ਦੀਆਂ ਘਟਨਾਵਾਂ ਨੂੰ ਭਵਿੱਖ ਵਿੱਚ ਵਾਪਰਨ ਤੋਂ ਰੋਕਣ ਲਈ ਲੋੜ ਅਨੁਸਾਰ ਕੰਮ ਦੇ ਪ੍ਰਬੰਧਾਂ ਵਿੱਚ ਸੁਧਾਰ ਕਰਨਾ; ਅਤੇ
- ਪਰੇਸ਼ਾਨੀ ਬਾਰੇ ਕੰਪਨੀ/ਸੰਸਥਾ ਦੀ ਨੀਤੀ, ਸ਼ਿਕਾਇਤ ਨਾਲ ਨਜਿੱਠਣ ਦੀਆਂ ਪ੍ਰਕਿਰਿਆਵਾਂ ਅਤੇ ਨਿਵਾਰਕ ਉਪਾਵਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕਰਨਾ।

**ਚੰਗੀ ਕਾਰਵਾਈ ਦੀ ਉਦਾਹਰਣ**

ਇੱਕ ਸਮਾਜ ਸੇਵਾ ਏਜੰਸੀ ਬਜ਼ੁਰਗ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ, ਜਿਵੇਂ ਕਿ ਉਹਨਾਂ ਦੇ ਘਰ ਦੇ ਦੌਰੇ ਕਰਨਾ ਅਤੇ ਬਜ਼ੁਰਗਾਂ ਲਈ ਘਰ ਦੀ ਸਫਾਈ ਦੇ ਕੰਮ ਕਰਨਾ, ਸਮੇਂ ਸਮੇਂ ਤੇ ਵਲੰਟੀਅਰਾਂ ਦੀ ਭਰਤੀ ਕਰਦੀ ਹੈ। ਏਜੰਸੀ ਨੇ ਇੱਕ ਵਿਆਪਕ ਜਿਨਸੀ ਪਰੇਸ਼ਾਨੀ ਵਿਰੋਧੀ ਨੀਤੀ ਬਣਾਈ ਹੈ, ਜੋ ਕਿ ਪੂਰਾ ਸਮੇਂ ਅਤੇ ਅੰਸ਼ਕ ਸਮੇਂ ਵਾਲੇ ਸਟਾਫ ਮੈਂਬਰਾਂ, ਸਹਿਯੋਗੀਆਂ ਅਤੇ ਵਲੰਟੀਅਰਾਂ ਤੇ ਲਾਗੂ ਹੁੰਦੀ ਹੈ। ਵਲੰਟੀਅਰਾਂ ਦੁਆਰਾ ਆਪਣਾ ਸਵੈ-ਸੇਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਉਨ੍ਹਾਂ ਨੂੰ ਏਜੰਸੀ ਦੇ ਸਟਾਫ ਦੁਆਰਾ ਇੱਕ ਸੰਖੇਪ ਵਿੱਚ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਹਰੇਕ ਵਲੰਟੀਅਰ ਨੂੰ ਏਜੰਸੀ ਅਤੇ ਵਲੰਟੀਅਰਾਂ ਦੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਬਾਰੇ ਦੱਸਦੀ, ਇੱਕ ਵਲੰਟੀਅਰ ਹੈਂਡਬੁੱਕ, ਅਤੇ ਨਾਲ ਹੀ ਜਿਨਸੀ ਪਰੇਸ਼ਾਨੀ ਵਿਰੋਧੀ ਨੀਤੀ ਅਤੇ ਸ਼ਿਕਾਇਤ ਚੈਨਲ ਮੁਹੱਈਆ ਕੀਤਾ ਜਾਂਦਾ ਹੈ। ਵਲੰਟੀਅਰਾਂ ਨੂੰ ਹੈਂਡਬੁੱਕ ਨੂੰ ਚੰਗੀ ਤਰ੍ਹਾਂ ਪੜ੍ਹਨ ਅਤੇ ਇੱਕ ਸਮਝੌਤੇ 'ਤੇ ਦਸਤਖਤ ਕਰਨ ਦੀ ਲੋੜ ਹੋਏਗੀ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਉਹ ਇਸ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨ ਲਈ ਸਹਿਮਤ ਹਨ।

## ਕਿਸੇ ਦੁਖੀ ਜਾਂ ਪਰੇਸ਼ਾਨ ਵਿਅਕਤੀ ਨੂੰ ਕੀ ਕਰਨਾ ਚਾਹੀਦਾ ਹੈ?

**ਮੈਂ ਯੂਨੀਵਰਸਿਟੀ ਵਿੱਚ ਲਾਅ ਦੀ ਦੂਜੇ ਸਾਲ ਦੀ ਮਹਿਲਾ ਵਿਦਿਆਰਥੀ ਹਾਂ ਅਤੇ ਮੈਂ ਆਪਣੇ ਤਜ਼ਰਬੇ ਨੂੰ ਵਧਾਉਣ ਲਈ ਕਿਸੇ ਲਾਅ ਫਰਮ ਵਿੱਚ 10 ਹਫਤਿਆਂ ਦੀ ਬਗੈਰ ਤਨਖਾਹ ਵਾਲੀ ਗਰਮੀਆਂ ਦੀ ਇੰਟਰਨਸ਼ਿਪ ਵਿੱਚ ਹਿੱਸਾ ਲਿਆ। ਮੈਂ ਕੋਈ ਤਨਖਾਹ ਦੀ ਹੱਕਦਾਰ ਨਹੀਂ ਹਾਂ ਅਤੇ ਮੇਰੀ ਇੰਟਰਨਸ਼ਿਪ ਦਾ ਸੰਚਾਲਨ ਕਰਨ ਲਈ ਕੋਈ ਰੁਜ਼ਗਾਰ ਇਕਰਾਰਨਾਮਾ ਨਹੀਂ ਹੋਇਆ ਹੈ। ਇੰਟਰਨਸ਼ਿਪ ਦੇ ਦੂਜੇ ਹਫਤੇ ਦੇ ਦੌਰਾਨ, ਫਰਮ ਦਾ ਕੋਈ ਵਕੀਲ ਪੈਂਟਰੀ ਵਿੱਚ ਮੇਰੇ ਕੋਲ ਆਇਆ। ਉਸਨੇ ਮੇਰੀ ਕਮਰ ਨੂੰ ਛੂਹਿਆ ਅਤੇ ਟਿੱਪਣੀ ਕੀਤੀ ਕਿ ਮੈਂ ਬਹੁਤ ਆਕਰਸ਼ਕ ਸੀ ਅਤੇ ਮੇਰਾ ਸਰੀਰ ਚੰਗਾ ਹੈ। ਉਸਨੇ ਕਿਹਾ ਕਿ ਅਸੀਂ ਇੱਕ ਰਾਤ ਮੁਲਾਕਾਤ ਲਈ ਬਾਹਰ ਜਾ ਸਕਦੇ ਹਾਂ, ਜਿਸ ਦੌਰਾਨ ਉਹ ਮੈਨੂੰ ਨਿੱਜੀ ਤੌਰ 'ਤੇ ਸਿਖਾ ਸਕਦਾ ਸੀ ਅਤੇ ਗਾਹਕਾਂ ਨੂੰ ਖੁਸ਼ ਕਰਨ ਦੇ ਤਰੀਕੇ ਬਾਰੇ ਕੁਝ ਨੁਕਤੇ ਸਾਂਝੇ ਕਰ ਸਕਦਾ ਸੀ। ਕੀ ਇਹ ਜਿਨਸੀ ਸ਼ੋਸ਼ਣ ਹੈ? ਮੈਨੂੰ ਕੀ ਕਰਨਾ ਚਾਹੀਦਾ ਹੈ?**

**ਵਕੀਲ ਦੁਆਰਾ ਉਪਰੋਕਤ ਕੰਮ ਦੀ ਜਿਨਸੀ ਸ਼ੋਸ਼ਣ ਹੋਣ ਦੀ ਸੰਭਾਵਨਾ ਹੈ।**

- ✓ SDO ਵਿੱਚ ਕੀਤੀਆਂ ਸੋਧਾਂ ਦਾ ਮਤਲਬ ਇਹ ਹੁੰਦਾ ਹੈ ਕਿ ਸਾਂਝੇ ਕਾਰਜ ਸਥਾਨਾਂ ਤੇ ਇੰਟਰਨਜ਼ ਦਾ ਜਿਨਸੀ ਸ਼ੋਸ਼ਣ ਗੈਰਕਾਨੂੰਨੀ ਹੈ, ਭਾਵੇਂ ਇੰਟਰਨ ਨੂੰ ਸ਼ਾਮਲ ਕਰਨ ਵਾਲੇ ਸੰਗਠਨ ਅਤੇ ਇੰਟਰਨ ਵਿਚਕਾਰ ਕੋਈ ਰੁਜ਼ਗਾਰ ਸਬੰਧ ਨਾ ਹੋਵੇ।

- ✓ ਜਿਨਸੀ ਸ਼ੋਸ਼ਣ ਵੱਖੋ ਵੱਖਰੇ ਰੂਪਾਂ ਵਿੱਚ ਵਾਪਰਦਾ ਹੈ, ਜਿਵੇਂ ਕਿ ਅਣਉਚਿਤ ਸਰੀਰਕ ਸੰਪਰਕ, ਕਿਸੇ ਵਿਅਕਤੀ ਨੂੰ ਜਾਂ ਉਸਦੇ ਸਰੀਰ ਦੇ ਹਿੱਸਿਆਂ ਨੂੰ ਘੂਰਨਾ ਜਾਂ ਮਾੜੀ ਨਜ਼ਰ ਨਾਲ ਵੇਖਣਾ, ਉਸਦੇ ਸਰੀਰ' ਤੇ ਟਿੱਪਣੀ ਕਰਨਾ, ਜਾਂ ਜਿਨਸੀ ਪੇਸ਼ਗੀਆਂ ਕਰਨਾ। ਇੱਕ ਸਮਝਦਾਰ ਤੀਜੇ ਧਿਰ ਨੇ, ਜਿਸਨੇ ਸਾਰੇ ਹਾਲਾਤਾਂ ਤੇ ਵਿਚਾਰ ਕੀਤਾ ਹੋਵੇ, ਇਹ ਅਨੁਮਾਨ ਲਗਾਇਆ ਹੋਵੇਗਾ ਕਿ ਵਿਅਕਤੀ ਨਾਰਾਜ਼, ਅਪਮਾਨਿਤ ਜਾਂ ਡਰਿਆ ਹੋਵੇਗਾ।
- ✓ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰਦੇ ਸਮੇਂ, ਤੁਹਾਨੂੰ ਪਰੇਸ਼ਾਨ ਕਰਨ ਵਾਲੇ(ਆਂ) ਨੂੰ "ਨਹੀਂ" ਕਹਿਣਾ ਚਾਹੀਦਾ ਹੈ।
- ✓ ਪਰੇਸ਼ਾਨ ਕਰਨ ਵਾਲੇ ਦਾ ਨਾਮ, ਮਿਤੀ, ਸਮਾਂ, ਜਗ੍ਹਾ ਅਤੇ ਘਟਨਾ ਦੇ ਵੇਰਵੇ, ਅਤੇ ਗਵਾਹਾਂ, ਜੇ ਕੋਈ ਹੋਣ, ਸਮੇਤ, ਵਾਪਰੀ ਘਟਨਾ ਬਾਰੇ ਵਿਸਤਾਰ ਵਿੱਚ ਲਿਖੋ।
- ✓ ਤੁਹਾਡੀ ਇੰਟਰਨਸ਼ਿਪ ਦੀ ਨਿਗਰਾਨੀ ਕਰਨ ਵਾਲੇ ਅਧਿਕਾਰੀ, ਯੂਨੀਵਰਸਿਟੀ ਵਿੱਚ ਆਪਣੇ ਅਧਿਆਪਕ ਜਾਂ ਤੁਹਾਡੇ ਭਰੋਸੇ ਵਾਲੇ ਵਿਅਕਤੀਆਂ ਨਾਲ ਚਰਚਾ ਕਰੋ।
- ✓ ਲਾਅ ਫਰਮ ਕੋਲ ਸ਼ਿਕਾਇਤ ਦਰਜ ਕਰਾਓ। ਫਰਮ ਨੂੰ ਸ਼ਿਕਾਇਤ ਬਾਰੇ ਨਿਰਪੱਖ ਅਤੇ ਨਿਆਈਂ ਢੰਗ ਨਾਲ ਕਾਰਵਾਈ ਕਰਨ ਲਈ ਬੇਨਤੀ ਕਰੋ।
- ✓ EOC ਕੋਲ ਸ਼ਿਕਾਇਤ ਦਰਜ ਕਰੋ, ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰੋ ਅਤੇ ਜ਼ਿਲ੍ਹਾ ਅਦਾਲਤ ਕੋਲ ਇੱਕ ਦਾਅਵਾ ਦਾਇਰ ਕਰੋ।

## ਕੋਈ ਦੁਖੀ ਜਾਂ ਪਰੇਸ਼ਾਨ ਵਿਅਕਤੀ EOC ਕੋਲ ਸ਼ਿਕਾਇਤ ਕਿਵੇਂ ਦਰਜ ਕਰਵਾ ਸਕਦਾ ਹੈ?

ਕੋਈ ਵੀ ਵਿਅਕਤੀ ਜੋ ਮਹਿਸੂਸ ਕਰਦਾ/ਕਰਦੀ ਹੈ ਕਿ ਚਾਰ ਵਿਤਕਰਾ ਵਿਰੋਧੀ ਆਰਡੀਨੈਂਸਾਂ ਵਿੱਚ ਦੱਸੇ ਅਨੁਸਾਰ ਉਸ ਖਿਲਾਫ ਵਿਤਕਰਾ ਹੋਇਆ ਹੈ, ਉਸਨੂੰ ਪਰੇਸ਼ਾਨ ਕੀਤਾ ਗਿਆ ਹੈ ਜਾਂ ਬਦਨਾਮ ਕੀਤਾ ਗਿਆ ਹੈ, ਤਾਂ ਉਹ EOC ਨੂੰ **ਲਿਖਤੀ ਰੂਪ ਵਿੱਚ** ਸ਼ਿਕਾਇਤ ਦਰਜ ਕਰਵਾ ਸਕਦਾ/ਸਕਦੀ ਹੈ ਅਤੇ ਸ਼ਿਕਾਇਤ ਨੂੰ ਨਿਮਨਲਿਖਿਤ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ EOC ਨੂੰ ਦਰਜ ਕਰਵਾ ਸਕਦਾ/ਸਕਦੀ ਹੈ:

- ਮੇਲ ਰਾਹੀਂ ਪੱਤਰ
- EOC ਦੀ ਵੈੱਬਸਾਈਟ ਤੇ ਆਨ-ਲਾਈਨ ਫਾਰਮ
- ਫੈਕਸ
- EOC ਦਫਤਰ ਵਿੱਚ ਵਿਅਕਤੀਗਤ ਤੌਰ ਤੇ
- ਟੈਲੀਫੋਨ(ਸਿਰਫ ਪੁੱਛਗਿੱਛ ਲਈ)
- SMS ਸੇਵਾ (ਸੁਣਨ ਵਿੱਚ ਕਮਜ਼ੋਰੀ/ਬੋਲਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਦੁਆਰਾ ਪੁੱਛਗਿੱਛ ਲਈ)

ਵਿਤਕਰਾ ਵਿਰੋਧੀ ਆਰਡੀਨੈਂਸਾਂ ਨਾਲ ਸਬੰਧਤ ਪੁੱਛਗਿੱਛ: ਆਨ-ਲਾਈਨ ਪੁੱਛਗਿੱਛ ਫਾਰਮ
ਵਿਤਕਰਾ ਵਿਰੋਧੀ ਆਰਡੀਨੈਂਸਾਂ ਨਾਲ ਸਬੰਧਤ ਸ਼ਿਕਾਇਤ: ਆਨ-ਲਾਈਨ ਸ਼ਿਕਾਇਤ ਫਾਰਮ
EOC ਦੀਆਂ ਸੇਵਾਵਾਂ ਨਾਲ ਸਬੰਧਤ ਪੁੱਛਗਿੱਛ ਅਤੇ ਸ਼ਿਕਾਇਤ: ਆਨ-ਲਾਈਨ ਫਾਰਮ

## EOC ਕਿਸੇ ਸ਼ਿਕਾਇਤ ਦਾ ਨਿਪਟਾਰਾ ਕਿਵੇਂ ਕਰਦੀ ਹੈ?

ਕੋਈ ਜਾਂਚ ਜਾਂ ਸ਼ਿਕਾਇਤ ਮਿਲਣ 'ਤੇ, EOC ਇਸਦੀ ਪੁਸ਼ਟੀ ਕਰੇਗੀ ਕਿ ਕੀ ਇਹ ਕਿਸੇ ਸ਼ਿਕਾਇਤ ਦੀਆਂ ਸ਼ਰਤਾਂ ਜਾਂ ਸੀਮਾ ਨੂੰ ਪੂਰਾ ਕਰਦੀ ਹੈ, ਅਰਥਾਤ ਕਿ ਇਹ ਲਿਖਤੀ ਰੂਪ ਵਿੱਚ ਹੈ, ਕਿ ਇਹ ਪੀੜਤ ਵਿਅਕਤੀ ਦੁਆਰਾ ਦਾਇਰ ਕੀਤੀ ਗਈ ਹੈ ਜਾਂ ਉਸ ਵਿਅਕਤੀ ਦੁਆਰਾ ਅਧਿਕਾਰਤ ਕੀਤੇ ਨੁਮਾਇੰਦੇ ਦੁਆਰਾ ਦਾਇਰ ਕੀਤੀ ਗਈ ਹੈ, ਜਾਂ ਕਿ ਇਸ ਵਿੱਚ ਵਿਤਕਰਾ ਵਿਰੋਧੀ ਆਰਡੀਨੈਂਸਾਂ ਅਧੀਨ ਗੈਰਕਾਨੂੰਨੀ ਕੰਮ ਕਰਨ ਦਾ ਦੋਸ਼ ਸ਼ਾਮਲ ਹੈ।

ਉਪਰੋਕਤ ਸ਼ਰਤਾਂ ਪੂਰੀਆਂ ਹੋ ਜਾਣ ਤੋਂ ਬਾਅਦ, ਜਾਂਚ ਜਾਂ ਸ਼ਿਕਾਇਤ ਨੂੰ ਰਸਮੀ ਤੌਰ' ਤੇ ਇੱਕ ਸ਼ਿਕਾਇਤ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ, ਅਤੇ ਇਸ 'ਤੇ ਜਾਂਚ ਕਰਨ ਲਈ ਇੱਕ ਕੇਸ ਅਧਿਕਾਰੀ ਤੁਰੰਤ ਨਿਯੁਕਤ ਕੀਤਾ ਜਾਏਗਾ। EOC ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਿੱਚ ਨਿਰਪੱਖਤਾ ਅਤੇ ਨਿਆਈਂ ਸਿਧਾਂਤਾਂ ਦਾ ਪਾਲਣ ਕਰਦਿਆਂ, ਇੱਕ "ਪੀੜਤ-ਕੇਂਦਰਿਤ" ਪਹੁੰਚ ਅਪਣਾਉਣ ਲਈ ਵਚਨਬੱਧ ਹੈ। ਸ਼ਿਕਾਇਤ ਦੀ ਪੜਤਾਲ ਕਰਦੇ ਸਮੇਂ, EOC ਕੇਸ ਨਾਲ ਸੰਬੰਧਿਤ ਸਾਰੀ ਜਾਣਕਾਰੀ ਦੀ ਜਾਂਚ ਕਰੇਗੀ ਅਤੇ ਸਾਰੇ ਸ਼ਾਮਲ ਧਿਰਾਂ ਨੂੰ ਜਵਾਬ ਦੇਣ ਲਈ ਉਚਿਤ ਮੌਕੇ ਦੇਵੇਗੀ। ਜਿੱਥੇ ਢੁੱਕਵਾਂ ਸਮਝਿਆ ਜਾਂਦਾ ਹੈ, EOC ਸੁਲਹ ਰਾਹੀਂ ਵਿਵਾਦ ਵਿਚਲੇ ਧਿਰਾਂ ਨੂੰ ਸਮਝੌਤਾ ਕਰਨ ਲਈ ਉਤਸ਼ਾਹਤ ਕਰੇਗੀ, ਜੋਕਿ ਪੂਰੀ ਤਰ੍ਹਾਂ ਸਵੈਇੱਛਤ ਹੈ। ਜੇ ਸੁਲਹ ਅਸਫਲ ਹੁੰਦੀ ਹੈ, ਤਾਂ ਸ਼ਿਕਾਇਤਕਰਤਾ ਜਵਾਬਦੇਹ ਖਿਲਾਫ ਸਿਵਲ ਕਾਰਵਾਈ ਸ਼ੁਰੂ ਕਰਨ ਲਈ ਕਾਨੂੰਨੀ ਸਹਾਇਤਾ ਲਈ EOC ਨੂੰ ਅਰਜ਼ੀ ਦੇ ਸਕਦਾ ਹੈ। ਸਹਾਇਤਾ ਲਈ ਸਾਰੀਆਂ ਅਰਜ਼ੀਆਂ ਨੂੰ ਨਿਰਧਾਰਤ ਸਿਧਾਂਤਾਂ ਦੇ ਅਨੁਸਾਰ EOC ਦੀ ਕਾਨੂੰਨੀ ਅਤੇ ਸ਼ਿਕਾਇਤਾਂ ਕਮੇਟੀ ਦੁਆਰਾ ਵਿਚਾਰਿਆ ਜਾਂਦਾ ਹੈ।

## EOC ਨਾਲ ਸੰਪਰਕ ਕਿਵੇਂ ਕਰੀਏ?

ਟੈਲੀ: (852) 2511 8211 (ਸਿਰਫ ਆਮ ਪੁੱਛਗਿੱਛ ਲਈ)

ਫੈਕਸ: (852) 2511 8142

ਪਤਾ: 16/F, 41 Heung Yip Road, Wong Chuk Hang, Hong Kong.

ਈਮੇਲ: eoc@eoc.org.hk (ਸਿਰਫ ਆਮ ਪੁੱਛਗਿੱਛ ਲਈ)

SMS ਸੇਵਾ: 6972566616538 (ਸੁਣਨ ਵਿੱਚ ਕਮਜ਼ੋਰੀ/ਬੋਲਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਦੁਆਰਾ ਪੁੱਛਗਿੱਛ ਲਈ)

(ਵਿਤਕਰਾ ਵਿਰੋਧੀ ਆਰਡੀਨੈਂਸਾਂ ਤਹਿਤ ਵਿਤਕਰੇ ਬਾਰੇ ਪੁੱਛਗਿੱਛ ਅਤੇ ਸ਼ਿਕਾਇਤਾਂ ਲਈ, ਕਿਰਪਾ ਕਰਕੇ ਉਪਰੋਕਤ ਆਨ-ਲਾਈਨ ਫਾਰਮਾਂ ਦੀ ਵਰਤੋਂ ਕਰੋ।)

**ਬਰਾਬਰ ਮੌਕਿਆਂ ਬਾਰੇ ਕਮੀਸ਼ਨ**

**ਅਪ੍ਰੈਲ 2021**

ਟਿੱਪਣੀ: ਇਹ ਇਸ਼ਤਿਹਾਰ ਸਿਰਫ ਹਵਾਲੇ ਲਈ ਹੈ ਅਤੇ ਇਸ ਨੂੰ ਕਾਨੂੰਨੀ ਸਲਾਹ ਲਈ ਵਿਕਲਪ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ।